# April 20, 2021
# Level 3

**1.** Watch the following video for today's lesson:
   - https://youtu.be/mTgaUtmVC7k

**2.** Read the given story 3 times (see next page), questions will be provided next week

**3.** Read Muharni by heart 5 times with these letters: ਥ, ਮ

**4.** Count up to 100 by heart

GURMAT CENTER SINCE 1993

# ਕਿਸੇ ਧਾਰਮਿਕ ਸਥਾਨ ਦੀ ਯਾਤਰਾ ਜਾਂ ਸ੍ਰੀ ਹਰਿਮੰਦਰ ਸਾਹਿਬ

ਸ੍ਰੀ ਹਰਿਮੰਦਰ ਸਾਹਿਬ ਪੰਜਾਬ ਦੇ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿਖੇ ਸਥਿਤ ਹੈ। ਇਹ ਪੰਜਾਬ ਤਾਂ ਕੀ ਸਾਰੇ ਉੱਤਰ ਭਾਰਤ ਦਾ ਇਕ ਮਹਾਨ ਤੀਰਥ ਅਸਥਾਨ ਕਹਾਉਂਦਾ ਹੈ। ਦੂਰੋਂ-ਦੂਰੋਂ ਸ਼ਰਧਾਲੂ ਚੱਲ ਕੇ ਇਸ ਦੇ ਦਰਸ਼ਨ ਕਰਨ ਲਈ ਆਉਂਦੇ ਹਨ।

ਬੜੀ ਦੇਰ ਤੋਂ ਮੇਰੀ ਇੱਛਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਆਈਏ। ਕਦੀ ਪਿਤਾ ਜੀ ਨੂੰ ਛੁੱਟੀ ਨਾ ਮਿਲਦੀ ਤੇ ਕਦੀ ਸਾਨੂੰ ਸਕੂਲੋਂ ਛੁੱਟੀ ਨਾ ਮਿਲਣ ਕਰਕੇ ਹਰ ਵਾਰ ਬਣਦਾ-ਬਣਦਾ ਪ੍ਰੋਗਰਾਮ ਰੁਕ ਜਾਂਦਾ। ਇਸ ਐਤਵਾਰ ਤਾਂ ਅਸੀਂ ਪੱਕੀ ਧਾਰ ਲਈ ਜੋ ਵੀ ਹੋ ਜਾਵੇ, ਜਾਣਾ ਹੀ ਹੈ। ਕੁਦਰਤੀ ਕੋਈ ਵਿਘਨ ਨਹੀਂ ਪਿਆ।

ਅਸੀਂ ਸਵੇਰੇ ਸਵੱਖਤੇ ਉੱਠੇ। ਨਹਾ-ਧੋ ਕੇ, ਤਿਆਰ ਹੋ ਕੇ ਬਸ ਅੱਡੇ ਤੇ ਪਹੁੰਚੇ। ਅੰਮ੍ਰਿਤਸਰ ਨੂੰ ਜਾਣ ਵਾਲੀ ਬਸ ਤਿਆਰ ਹੀ ਖੜ੍ਹੀ ਸੀ। ਅਸੀਂ ਟਿਕਟਾਂ ਲਈਆਂ ਤੇ ਬੱਸ ਵਿਚ ਨੰਬਰ ਵੇਖ ਕੇ ਬੈਠ ਗਏ। ਬਸ ਨੇ ਸਵੇਰੇ ਦਸ ਕੁ ਵਜੇ ਅੰਮ੍ਰਿਤਸਰ ਬਸ-ਅੱਡੇ ਤੇ ਲਾਇਆ। ਉਥੋਂ ਅਸੀਂ ਆਟੋ-ਰਿਕਸ਼ਾ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਚੱਲ ਪਏ। ਕੁਝ ਹੀ ਮਿੰਟਾਂ ਵਿਚ ਅਸੀਂ ਦਰਬਾਰ ਸਾਹਿਬ ਦੇ ਬਾਹਰ ਖੜ੍ਹੇ ਸਾਂ।

ਦਰਬਾਰ ਸਾਹਿਬ ਦਾ ਆਲਾ-ਦੁਆਲਾ ਏਨਾ ਸਾਫ਼-ਸੁਥਰਾ ਸੀ ਕਿ ਮਨ ਖ਼ੁਸ਼ ਹੋ ਗਿਆ। ਅਸੀਂ ਜੋੜਾ-ਘਰ ਵਿਚ ਜੋੜੇ ਜਮ੍ਹਾਂ ਕਰਵਾਏ ਤੇ ਪੈਰ ਧੋ ਕੇ ਦਰਸ਼ਨੀ ਡਿਉੜੀ ਰਾਹੀਂ ਅੰਦਰ ਦਾਖ਼ਲ ਹੋਏ। ਅੰਦਰ ਦਾ ਦ੍ਰਿਸ਼ ਵੇਖ ਕੇ ਤਾਂ ਅੱਖਾਂ ਚਕ੍ਰਿਤ ਹੀ ਰਹਿ ਗਈਆਂ। ਸਾਹਮਣੇ ਪਾਣੀ ਦਾ ਸਰੋਵਰ ਛੱਲਾਂ ਮਾਰ ਰਿਹਾ ਸੀ। ਸਰੋਵਰ ਦਾ ਨਿਰਮਲ ਤੇ ਪਵਿਤੱਰ ਜਲ ਮਨ ਨੂੰ ਸ਼ਾਂਤੀ ਪ੍ਰਦਾਨ ਕਰ ਰਿਹਾ ਸੀ। ਸਰੋਵਰ ਦੇ ਐਨ ਵਿਚਕਾਰ ਸੁਨਹਿਰੀ ਮੰਦਰ ਆਪਣੀ ਸੁਨਹਿਰੀ ਭਾ ਮਾਰ ਰਿਹਾ ਸੀ। ਜੀ ਕਾਹਲਾ ਪੈ ਰਿਹਾ ਸੀ ਕਿ ਫਟਾਫਟ ਜਾ ਕੇ ਇਸ ਦੇ ਦਰਸ਼ਨ ਕਰੀਏ।

ਮੈਂ ਪਰਕਰਮਾ ਵਿਚ ਜਾਂਦੇ-ਜਾਂਦੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ ਇਹ ਸਿਰਫ਼ ਸਿੱਖਾਂ ਦਾ ਹੀ ਤੀਰਥ ਅਸਥਾਨ ਹੈ ? ਇਸ ਤੇ ਜੋ ਸੋਨਾ ਚੜ੍ਹਿਆ ਹੋਇਆ ਹੈ ਕੀ ਇਹ ਅਸਲੀ ਹੈ ?

ਪਿਤਾ ਜੀ ਨੇ ਦੱਸਿਆ ਕਿ ਇਹ ਤੀਰਥ-ਅਸਥਾਨ ਸਭ ਧਰਮਾ ਦਾ ਸਾਂਝਾ ਹੈ। ਭਾਵੇਂ ਇਸ ਦੀ ਉਸਾਰੀ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਸੀ ਪਰੰਤੂ ਇਸ ਦੀ ਨੀਂਹ ਉਨ੍ਹਾਂ ਨੇ ਇਕ ਮੁਸਲਮਾਨ ਫ਼ਕੀਰ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਇਸ ਦੇ ਚਾਰ ਦਰਵਾਜ਼ੇ ਰੱਖੇ ਗਏ ਜੋ ਸਭ ਧਰਮਾਂ ਦੇ ਸਾਂਝੇ ਹੋਣ ਦੇ ਸੂਚਕ ਹਨ। ਇਸ ਤੇ ਸੋਨਾ ਚੜ੍ਹਾਉਣ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਇਆ ਸੀ।

ਗੱਲਾਂ ਕਰਦੇ-ਕਰਦੇ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਰ ਤੇ ਪਹੁੰਚ ਗਏ। ਉਥੋਂ ਅਸੀਂ ਕੜਾਹ ਪ੍ਰਸ਼ਾਦ ਦੀ ਦੇਗ ਲਈ ਤੇ ਅੰਦਰ ਨੂੰ ਚੱਲ ਪਏ। ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਰਾਗੀ ਸਿੰਘ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਉਹ ਏਨੀ ਸੁਰੀਲੀ ਆਵਾਜ਼ ਵਿਚ ਕੀਰਤਨ ਕਰ ਰਹੇ ਸਨ ਕਿ ਉੱਠਣ ਨੂੰ ਦਿਲ ਨਹੀਂ ਸੀ ਕਰ ਰਿਹਾ।

ਉਥੋਂ ਅਸੀਂ ਲੰਗਰ ਹਾਲ ਪਹੁੰਚੇ। ਸਾਨੂੰ ਬੜੀ ਹੀ ਪ੍ਰੇਮ ਨਾਲ ਲੰਗਰ ਛਕਾਇਆ ਗਿਆ। ਲੰਗਰ ਛਕ ਕੇ ਰੂਹ ਖ਼ੁਸ਼ ਹੋ ਗਈ। ਇਥੋਂ ਅਸੀਂ ਬਾਕੀ ਰਹਿੰਦੀ ਪਰਕਰਮਾ ਕਰਨੀ ਸ਼ੁਰੂ ਕੀਤੀ। ਦੁੱਖ-ਭੰਜਨੀ ਬੇਰੀ ਦੇ ਦਰਸ਼ਨ ਕੀਤੇ। ਬਾਬਾ ਅਟੱਲ ਸਾਹਿਬ ਦਾ ਗੁਰਦੁਆਰਾ ਵੇਖਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਕੀਤੇ। ਉਹ ਅਜਾਇਬ ਘਰ ਵੀ ਵੇਖਿਆ ਜਿਥੇ ਸਿੱਖ ਜਗਤ ਨਾਲ ਸੰਬੰਧਤ ਕਾਫ਼ੀ ਸਾਰੀਆਂ ਚੀਜ਼ਾਂ ਪਈਆਂ ਸਨ।

ਸਾਨੂੰ ਦਰਸ਼ਨ ਕਰਦਿਆਂ ਸ਼ਾਮ ਦੇ ਤਿੰਨ ਵੱਜ ਗਏ। ਅਸੀਂ ਉਥੋਂ ਆਟੋ ਲਿਆ ਤੇ ਬੱਸ-ਅੱਡੇ ਆ ਗਏ। ਉਥੋਂ ਬਸ ਫੜੀ ਤੇ ਆਪਣੇ ਪਿੰਡ ਨੂੰ ਚੱਲ ਪਏ। ਇਸ ਧਾਰਮਿਕ ਯਾਤਰਾ ਦਾ ਨਸ਼ਾ ਕਿੰਨੀ ਦੇਰ ਤੱਕ ਮੇਰੇ ਦਿਲ-ਦਿਮਾਗ਼ ਤੇ ਛਾਇਆ ਰਿਹਾ।



30640 Blueridge Drive, Abbotsford, BC ■ 604.855.0020 ■ www.gurmatcenter.com

Taking care of our children's future...today!

GURMAT CENTER SINCE 1993

**ANNOUNCEMENTS**

1. No announcements this week

GURMAT CENTER SINCE 1993